## ਸਮਰਪਣ

ਸੱਚ ਨਾਲੋਂ ਵਿਜੋਗੇ ਹੋਏ ਮਨੁਖ ਦਾ ਸੱਚ ਨਾਲ ਸੰਜੋਗ ਕਰਾਉਣ ਲਈ ਅਧਿਆਤਮਕ ਵਾਰ-ਕਾਵਿ ਪ੍ਰੰਪਰਾ ਸ਼ੁਰੂ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਯਾਦ ਨੂੰ।

# ਤਤਕਰਾ


| | ਕੀ | ਕਿਥੇ? |
|---|---|---|
| 1- | ਆਦਿਕਾ | 5 - 9 |
| 2- | ਅਧਿਆਇ ਪਹਿਲਾ:<br>ਵਾਰ ਰੂਪਾਕਾਰ: ਮਧਕਾਲੀਨ ਸਾਹਿਤ-ਵਾਰ-ਪਦ ਦੀ ਵਿਉਤਪਤੀ-ਵਾਰ ਦੀ ਪ੍ਰਿਭਾਸ਼ਾ- ਵਾਰ ਕਾਵਿ-ਰੂਪ ਦੇ ਲੱਛਣ-ਪੰਜਾਬੀ ਵਾਰ ਦਾ ਮੁਢ - ਧੁਨ ਨਿਯੁਕਤ ਵਾਰਾਂ - ਅਧਿਆਤਮਕ ਵਾਰਾਂ -ਅਧਿਆਤਮਕ ਵਾਰ ਤੇ ਬੀਰ ਰਸੀ ਵਾਰ ਦੀ ਤੁਲਨਾ। | 10 - 34 |
| 3- | ਅਧਿਆਇ ਦੂਜਾ:<br>ਵਾਰਕਾਰ ਗੁਰੂ ਨਾਨਕ ਦੇਵ: ਵਿਅਕਤਿਤਵ - ਜਗਤ ਫੇਰੀ -ਭਗਤੀ ਲਹਿਰ ਤੇ ਗੁਰੂ ਨਾਨਕ-ਸਾਹਿਤ ਰਚਨਾ- ਵਾਰਾਂ ਕਦੋਂ ਲਿਖੀਆਂ? | 35 - 55 |
| 4- | ਅਧਿਆਇ ਤੀਜਾ:<br>ਵਾਰ ਆਸਾ: ਵਾਰ ਆਸਾ ਪ੍ਰਥਮ ਵਾਰ - ਮੂਲ ਮੰਤਰ - ਵਾਰ ਦਾ ਸਿਰਲੇਖ - ਟੁੰਡੇ ਅਸਰਾਜੇ ਦੀ ਕਹਾਣੀ - ਵਸਤੂ ਸਾਮਗ੍ਰੀ - ਪਰਮਾਤਮਾ - ਸ੍ਰਿਸ਼ਟੀ - ਸਤਿਗੁਰੂ - ਮਨੁਖ ਜਾਂ ਜੀਵ - ਹੁਕਮ - ਨਾਮ ਸਿਮਰਨ - ਹਉਮੈ - ਸਮਾਜਕ ਦਰਪਣ - ਧਰਮ ਸੰਸਕਾਰ ਤੇ ਵਿਵਸਥਾ - ਰਾਜਨੀਤਕ ਸਥਿੱਤੀ - ਇਸਤ੍ਰੀ ਦਾ ਸਥਾਨ - ਰਸਮੋ ਰਿਵਾਜ ਤੇ ਵਹਿਮ ਭਰਮ - ਰੂਪਗਤ ਵਿਸ਼ੇਸ਼ਤਾ- ਪਉੜੀਆਂ - ਸਲੋਕ - ਭਾਸ਼ਾ ਤੇ ਸ਼ਬਦਾਵਲੀ - ਅਲੰਕਾਰ ਤੇ ਬਿੰਬ -ਰਸ - ਸਾਰੰਸ। | 56 - 116 |
| 5- | ਅਧਿਆਇ ਚੌਥਾ:<br>ਵਾਰਕਾਰ ਗੁਰੂ ਅਮਰਦਾਸ: ਵਿਅਕਤਿਤਵ - ਜਗਤ ਫੇਰੀ - ਸੁਧਾਰ ਉਪਕਾਰ; ਬਾਣੀ ਰਚਨਾ - ਰਚਨਾ ਤੇ ਰਾਗ - ਜੀਵਨ ਦਰਸ਼ਨ - ਲੰਮੇਰੀਆਂ ਰਚਨਾਵਾਂ - ਅਨੰਦੁ - ਵਾਰ ਸੱਤ - ਅਲਾਹੁਣੀਆਂ - ਪੱਟੀ - ਵਾਰਾਂ। | 117 - 146 |
| 6- | ਅਧਿਆਇ ਪੰਜਵਾਂ:<br>ਗੂਜਰੀ ਕੀ ਵਾਰ: ਅਧਿਆਤਮਕ ਚਿੰਤਨ - ਬ੍ਰਹਮ ਤੇ ਉਸ ਦੀ ਸਰਬ ਵਿਆਪਕਤਾ - ਸ੍ਰਿਸ਼ਟੀ ਰਚਨਾ - ਗੁਰੂ ਦਾ ਮਹੱਤਵ ਤੇ ਨਾਮ - | 147 - 184 |

-ਹੁਕਮ - ਮਾਇਆ ਤੇ ਮਨੁਖ - ਗੁਰਮੁਖ ਤੇ ਮਨਮੁਖ - ਮਨੁਖੀ ਜੀਵਨ,
ਸਰੀਰ ਤੇ ਮਨ - ਕਲਾ ਕੌਸ਼ਲਤਾ - ਰਾਗ ਗੂਜਰੀ - ਧੁਨੀ ਗਾਉਣੀ -
ਪਉੜੀਆਂ - ਸਲੋਕ - ਭਾਸ਼ਾ ਦੀਆਂ ਸੀਮਾਵਾਂ - ਬਿੰਬ ਤੇ ਪ੍ਰਤੀਕ -
ਅਲੰਕਾਰ - ਸਾਰੰਸ ।

7- ਅਧਿਆਇ ਛੇਵਾਂ: 185 - 207

ਵਾਰਕਾਰ ਗੁਰੂ ਰਾਮਦਾਸ: ਵਿਅਕਤਿਤਵ - ਜਗਤ ਫੇਰੀ- ਵਿਚਾਰ
ਪ੍ਰਵਾਹ - ਬਾਣੀ ਰਚਨਾ - ਵਿਸ਼ੇਸ਼ ਰਚਨਾਵਾਂ - ਪਹਿਰੇ - ਛੰਦ ਤੇ
ਪਦੇ - ਅਸ਼ਟਪਦੀਆਂ - ਵਿਆਹ ਨਾਲ ਸਬੰਧਤ ਬਾਣੀ, ਲਾਵਾਂ -
ਵਾਰਾਂ।

8- ਅਧਿਆਇ ਸਤਵਾਂ: 208 - 239

ਸਿਰੀ ਰਾਗ ਕੀ ਵਾਰ: ਅਧਿਆਤਮਕ ਵਿਸ਼ਾ ਵਸਤੂ - ਪ੍ਰਭੂ
ਪਰਮਾਤਮਾ - ਨਾਮ ਸਿਮਰਨ - ਗੁਰੂ ਦੀ ਮਿਹਰ - ਗੁਰਮੁਖ ਤੇ
ਮਨਮੁਖ - ਅਰਦਾਸ - ਮਾਇਆ - ਵਿਚਾਰ ਪ੍ਰਵਾਹ - ਸਲੋਕਾਂ ਦੀ
ਵਿਚਾਰਧਾਰਾ - ਪੌਰਾਣਿਕ ਹਵਾਲੇ - ਰੂਪਗਤ ਵਿਸ਼ੇਸ਼ਤਾ - ਬੋਲੀ -
ਕਾਵਿ ਬਿੰਬ - ਸਾਰੰਸ

9- ਅਧਿਆਇ ਅਠਵਾਂ: 240 - 263

ਵਾਰਕਾਰ ਗੁਰੂ ਅਰਜਨ ਦੇਵ: ਵਿਅਕਤਿਤਵ - ਜਗਤ ਫੇਰੀ - ਗੁਰੂ
ਗ੍ਰੰਥ ਸਾਹਿਬ ਦੀ ਸੰਪਾਦਨਾ-ਸ਼ਹੀਦੀ-ਬਾਣੀ ਰਚਨਾ-ਲੰਮੇਰੀਆਂ ਰਚਨਾਵਾਂ-
ਸੁਖਮਨੀ- ਬਾਰਾਮਾਹ ਮਾਝ - ਬਾਵਨ ਅੱਖਰੀ - ਛੇ ਵਾਰਾਂ।

10- ਅਧਿਆਇ ਨੌਵਾਂ: 264 - 289

ਜੈਤਸਰੀ ਕੀ ਵਾਰ: ਅਧਿਆਤਮਕ ਵਿਚਾਰਮਾਲਾ - ਪਾਰਬ੍ਰਹਮ -ਜਗਤ
ਮਾਇਆ-ਨਾਮ ਸਿਮਰਨ - ਗੁਰੂ - ਸਾਧ ਸੰਗਤ -ਕਲਾਤਮਕਤਾ - ਕਾਵਿ ਰੂਪ-
ਭਾਸ਼ਾ ਤੇ ਸ਼ਬਦਾਵਲੀ-ਰਸ-ਅਲੰਕਾਰ ਤੇ ਬਿੰਬ - ਸਾਰੰਸ।

11- ਸਿੰਘ- ਅਵਲੋਕਨ 290-297

12- ਸਹਾਇਕ ਪੁਸਤਕ ਸੂਚੀ 298 - 305

# ਆਦਿਕਾ

ਮਧਕਾਲੀਨ ਪੰਜਾਬੀ ਸਾਹਿਤ ਵਿਚ ਅਧਿਆਤਮਕ ਵਾਰ ਦੇ ਵਿਕਾਸ ਬਾਰੇ ਸੋਧ-ਪ੍ਰਬੰਧ (Thesis )ਲਿਖਣ ਦੀ ਪ੍ਰੇਰਨਾ 1977 ਈਸਵੀ ਵਿਚ ਉਸ ਸਮੇਂ ਹੋਈ ਜਦੋਂ ਮੈਂ ਗੁਰੂ ਅਰਜਨ ਦੇਵ ਦੀ ਬਾਣੀ 'ਬਾਵਨ ਅੱਖਰੀ' ਬਾਰੇ ਸਾਹਿਤਕ ਦ੍ਰਿਸ਼ਟੀ ਤੋਂ ਅਧਿਐਨ ਕਰ ਰਿਹਾ ਸਾਂ। ਉਦੋਂ ਮੈਂ ਅਨੁਭਵ ਕੀਤਾ ਕਿ ਪੰਜਾਬੀ ਦੇ ਹਰਮਨ ਪਿਆਰੇ ਕਾਵਿ-ਰੂਪ ਵਾਰ ਬਾਰੇ ਜਿਤਨੀ ਵੀ ਖੋਜ ਹੁਣ ਤਕ ਹੋਈ ਹੈ, ਉਹ ਬਹੁਤ ਹਦ ਤਕ ਅਧੂਰੀ ਹੈ। ਕਈ ਵਿਦਵਾਨ ਹੁਣ ਤਕ ਸੰਕੇਤ ਕਰਦੇ ਆਏ ਹਨ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ, ਪੂਰਵ ਨਾਨਕ ਕਾਲ ਵਿਚ ਵਾਰਾਂ ਲਿਖੀਆਂ ਗਈਆਂ ਸਨ ਪਰ ਕੋਈ ਵਾਰ ਵੀ ਹੁਣ ਤਕ ਸਾਡੇ ਸਾਹਮਣੇ ਨਹੀਂ ਆਈ। ਸਤਾਰਵੀਂ ਸਦੀ ਦੇ ਅੰਤ ਵਿਚ ਸੁਜਾਨ ਰਾਏ ਭੰਡਾਰੀ ਨੇ ਆਪਣੀ ਫਾਰਸੀ ਲਿਖਤ ਵਿਚ ਅਮੀਰ ਖੁਸਰੋ (1253 -1325 ਈ:) ਦੀ ਲਿਖੀ ਹੋਈ 'ਤੁਗਲਕ ਸ਼ਾਹ ਤੇ ਨਾਸਰੁਦੀਨ ਦੀ ਵਾਰ' ਦਾ ਜ਼ਿਕਰ ਕੀਤਾ ਹੈ, ਉਹ ਹੀ ਇਕ ਹਵਾਲਾ ਹੈ, ਰਚਨਾ ਦਾ ਕੋਈ ਕਾਵਿ - ਟੁਕੜਾ ਪ੍ਰਾਪਤ ਨਹੀਂ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ 9 ਵਾਰਾਂ ਨਾਲ ਜਿਨ੍ਹਾਂ ਧੁਨਾਂ ਤੇ ਗਾਉਣ ਲਈ ਆਦੇਸ਼ ਦਿਤਾ ਹੋਇਆ ਹੈ, ਉਹ ਧੁਨ - ਯੁਕਤ ਵਾਰਾਂ ਕਿਸ ਸਮੇਂ ਦੀਆਂ ਲਿਖੀਆਂ ਹੋਈਆਂ ਹਨ? ਇਸ ਬਾਰੇ ਵੀ ਕੋਈ ਨਿਰਨਾ-ਜਨਕ ਖੋਜ ਸਾਹਮਣੇ ਨਹੀਂ ਸੀ। ਇਸ ਲਈ ਮੇਰੇ ਸਾਹਮਣੇ ਇਹ ਸਵਾਲ ਸੀ ਕਿ ਪੰਜਾਬੀ ਦੇ ਵਾਰਿ ਕਾਵਿ- ਰੂਪ ਬਾਰੇ ਅਜੇ ਕਾਫ਼ੀ ਖੋਜ ਦੀ ਲੋੜ ਹੈ ਤੇ ਇਸ ਬਾਰੇ ਮੈਨੂੰ ਕੁਝ ਵਿਸਥਾਰ ਵਿਚ ਜਾਣਾ ਚਾਹੀਦਾ ਹੈ।

ਦੂਜਾ, ਮੇਰੇ ਸਾਹਮਣੇ ਪ੍ਰਭਾਵ ਸੀ ਕਿ ਹੁਣ ਤਕ ਲਭਦੇ ਵਾਰ-ਸਾਹਿਤ ਵਿਚ ਪਹਿਲੇ ਵਾਰਕਾਰ ਗੁਰੂ ਨਾਨਕ ਦੇਵ ਹੀ ਆਖੇ ਜਾ ਸਕਦੇ ਹਨ ਤੇ ਉਹ ਬੀਰ-ਰਸੀ ਵਾਰਕਾਰ ਨਹੀਂ ਸਗੋਂ ਅਧਿਆਤਮਕ ਵਾਰ ਲੇਖਕ ਹਨ। ਜੇ ਇਹ ਠੀਕ ਹੈ ਤਾਂ ਫਿਰ ਪੰਜਾਬੀ ਵਾਰ ਅਧਿਆਤਮਕ ਵਾਰ ਕਾਵਿ ਤੋਂ ਹੀ ਵਿਕਾਸ ਕਰਕੇ ਬੀਰ ਰਸੀ - ਵਾਰ ਵਲ ਆਈ ਹੈ।

ਪ੍ਰਸ਼ਨ ਰੂਪ ਵਿਚ ਤੀਜਾ ਵਿਚਾਰ ਮੇਰੇ ਸਾਹਮਣੇ ਇਹ ਸੀ ਕਿ ਵਾਰ ਨੂੰ ਆਮ ਕਰਕੇ ਜੰਗ ਯੁਧ ਦੀ ਵਾਰਤਾ ਤੇ ਸੰਘਰਸ਼ ਕਰ ਰਹੇ ਨਾਇਕ ਦੀ ਉਸਤਤ ਵਾਲੀ ਰਚਨਾ ਸਮਝਿਆ ਜਾਂਦਾ ਹੈ। ਗੁਰੂ ਨਾਨਕ ਦੇਵ ਤੇ ਉਹਨਾਂ ਦੇ ਤਿੰਨ ਉਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਇਸ ਕਾਵਿ - ਰੂਪ ਨੂੰ ਵਿਸ਼ੇਸ਼ ਤੌਰ ਤੇ ਕਿਉਂ ਅਧਿਆਤਮਕ ਵਿਚਾਰਾਂ ਦੇ ਪ੍ਰਗਟਾ ਲਈ ਚੁਣਿਆ ਹੋਏਗਾ ਤੇ ਇਸ ਨੇ ਉਸ ਸਮੁਚੇ ਅਧਿਆਤਮਕ-ਕਾਵਿ ਵਿਚ ਕੀ ਵਿਸ਼ੇਸ਼ ਰੋਲ ਅਦਾ ਕੀਤਾ

ਹੋਵੇਗਾ? ਇਸ ਕਾਵਿ - ਰੂਪ ਨੂੰ ਨਵੇਂ ਢੰਗ ਨਾਲ, ਰਹੱਸਵਾਦੀ ਤੇ ਅਧਿਆਤਮਕ ਭਾਵਾਂ ਲਈ ਵਰਤਣ ਦੀ ਲੋੜ ਦਾ ਪਿਛੋਕੜ ਕੀ ਹੋਵੇਗਾ? ਇਸ ਦਾ ਵਿਸਥਾਰ ਪੂਰਵਕ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਇਹ ਸੋਚ ਕੇ ਹੀ ਮੈਂ ਅਧਿਆਤਮਕ ਵਾਰ ਦੇ ਵਿਕਾਸ ਬਾਰੇ ਸ਼ੋਧ-ਪ੍ਰਬੰਧ ਲਿਖਣ ਦਾ ਮਨ ਬਣਾ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਧਕਾਲੀਨ ਸਾਹਿਤ ਬਾਰੇ 'ਬਾਬਾ ਫਰੀਦ ਚੇਅਰ' ਰਾਹੀਂ ਆਪਣਾ ਬੇਨਤੀ ਪੱਤਰ ਦਾਖਲ ਕੀਤਾ ਤੇ ਆਗਿਆ ਮਿਲ ਜਾਣ ਤੇ ਇਸ ਸੰਬੰਧੀ ਇਹ ਸ਼ੋਧ-ਪ੍ਰਬੰਧ ਲਿਖਣ ਦਾ ਬੀੜਾ ਚੁਕ ਲਿਆ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਅਧਿਆਤਮਕ ਵਾਰ ਸੋਲਵੀਂ ਸਦੀ ਦੇ ਸ਼ੁਰੂ ਵਿਚ ਲਿਖੀ ਤੇ ਉਸ ਪਿਛੋਂ ਦੋ ਹੋਰ ਵਾਰਾਂ (ਕੁਲ ਤਿੰਨ) ਲਿਖ ਦਿਤੀਆਂ। ਗੁਰੂ ਅੰਗਦ ਦੇਵ ਜੀ ਨੇ ਕੋਈ ਵਾਰ ਰਚਨਾ ਨਹੀਂ ਕੀਤੀ। ਉਹਨਾਂ ਦੇ ਕੇਵਲ ਕੁਝ ਸਲੋਕ ਹੀ ਕਾਵਿ-ਰਚਨਾ ਹੈ; ਕੋਈ ਹੋਰ ਲੰਮੀ ਬਾਣੀ ਨਹੀਂ। ਗੁਰੂ ਅਮਰਦਾਸ ਨੇ ਚਾਰ, ਗੁਰੂ ਰਾਮਦਾਸ ਨੇ ਅੱਠ ਤੇ ਗੁਰੂ ਅਰਜਨ ਦੇਵ ਨੇ ਛੇ ਅਧਿਆਤਮਕ ਵਾਰਾਂ ਲਿਖੀਆਂ। ਇਉਂ ਕੁਲ ਗਿਣਤੀ 21 ਬਣ ਗਈ। ਇਸ ਲੜੀ ਵਿਚ ਆਖਰੀ ਅਧਿਆਤਮਕ ਵਾਰ ਸਤਾਰਵੀਂ ਸਦੀ ਦੇ ਸ਼ੁਰੂ ਵਿਚ ਸ਼ਾਮਲ ਹੋ ਗਈ। ਇਕ ਹੋਰ ਬਲਵੰਡ ਤੇ ਸੱਤੇ ਦੀ ਲਿਖੀ ਹੋਈ ਰਾਮਕਲੀ ਕੀ ਵਾਰ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜਿਸ ਸਮੇਤ ਕੁਲ ਗਿਣਤੀ 22 ਬਣਦੀ ਹੈ ਪਰ ਅਸੀਂ ਉਹਨੂੰ ਅਧਿਆਤਮਕ ਵਾਰ ਨਹੀਂ ਸਮਝਦੇ ਕਿਉਂਕਿ ਉਹਦਾ ਵਿਸ਼ਾ ਵਸਤੂ ਗੁਰੂ ਸਾਹਿਬਾਨ ਦਾ ਜੱਸ ਗਾਉਣਾ ਹੀ ਹੈ। ਆਤਮਾ ਤੇ ਪਰਮਾਤਮਾ ਦੇ ਸਬੰਧਾਂ ਤੇ ਪਰਮਸੱਤਾ ਬਾਰੇ ਜਾਣਕਾਰੀ ਦੇਣਾ ਨਹੀਂ। ਇਸੇ ਲਈ ਇਸ ਸ਼ੋਧ-ਪ੍ਰਬੰਧ ਵਿਚ ਉਸ ਦਾ ਵਿਸ਼ਲੇਸ਼ਣ ਸ਼ਾਮਲ ਨਹੀਂ ਕੀਤਾ ਗਿਆ।

ਇਸੇ ਯੁਗ ਦਾ ਇਕ ਹੋਰ ਵੱਡਾ ਵਾਰ ਲੇਖਕ ਭਾਈ ਗੁਰਦਾਸ ਭੱਲਾ ਹੈ। ਉਸ ਦੀਆਂ ਵਾਰਾਂ ਬੜੀਆਂ ਵਿਸ਼ੇਸ਼ ਹਨ। ਵਿਦਵਤਾ ਤੇ ਕਾਵਿ-ਕਲਾ ਦੀ ਇਕ ਸਿਖਰ ਹਨ ਪਰ ਉਹਨਾਂ ਦਾ ਵਿਸ਼ਾ ਵਸਤੂ ਵੀ ਸਾਡੇ ਵਿਚਾਰ ਅਨੁਸਾਰ ਅਧਿਆਤਮਕ ਨਹੀਂ। ਉਹਨਾਂ ਵਿਚੋਂ ਕੁਝ ਤਾਂ ਇਤਿਹਾਸਕ ਮਹੱਤਤਾ ਵਾਲੀਆਂ ਹਨ ਜਿਨ੍ਹਾਂ ਵਿਚੋਂ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਤੇ ਦੂਜੇ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਝਾਕੀਆਂ ਤੇ ਇਤਿਹਾਸਕ ਦੇਣ ਦਾ ਚਰਚਾ ਹੈ। ਕੁਝ ਭਗਤਾਂ ਤੇ ਹੋਰ ਵਿਸ਼ੇਸ਼ ਵਿਅਕਤੀਆਂ ਬਾਰੇ ਵਾਰਾਂ ਹਨ। ਕੁਝ ਵਾਰਾਂ ਸਦਾਚਾਰਕ ਤੇ ਜੀਵਨ ਜਾਚ ਬਾਰੇ ਗੁਰਮਤਿ ਦੀ ਵਿਆਖਿਆ ਹੈ। ਇਹ ਸਾਰੇ ਵਿਸ਼ੇ ਅਧਿਆਤਮਕ ਨਹੀਂ, ਧਾਰਮਕ, ਇਤਿਹਾਸਕ ਤੇ ਸਦਾਚਾਰਕ ਹਨ। ਇਸ ਲਈ ਆਪਣੇ

ਇਸ ਸ਼ੋਧ-ਪ੍ਰਬੰਧ ਵਿਚ ਅਸੀਂ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਵੀ ਸ਼ਾਮਲ ਨਹੀਂ ਕੀਤਾ।

ਇਥੇ ਅਸੀਂ ਚਾਰੇ ਅਧਿਆਤਮਕ ਵਾਰਕਾਰਾਂ ਦੀ ਇਕ ਇਕ ਵਾਰ, ਪ੍ਰਤੀਨਿਧ ਰੂਪ ਸਮਝਕੇ ਚੁਣ ਲਈ ਤੇ ਉਹਨਾਂ ਬਾਰੇ ਖੋਜ ਕਰਕੇ ਵਿਸਥਾਰ ਨਾਲ ਲਿਖ ਦਿਤਾ ਹੈ। ਪਹਿਲਾਂ ਹਰ ਵਾਰਕਾਰ ਦਾ ਵਿਅਕਤਿਤਵ, ਜਗਤ-ਫੇਰੀ, ਕਾਵਿ-ਰਚਨਾ ਤੇ ਵਾਰ ਰਚਨਾ ਦਾ ਵਰਨਨ ਕਰਕੇ ਫਿਰ ਇਕ ਵਾਰ ਦੇ ਵਿਸ਼ੇ ਵਸਤੂ ਤੇ ਰੂਪਕ ਪੱਖ ਤੇ ਸਾਹਿਤਕ ਦ੍ਰਿਸ਼ਟੀ ਤੋਂ ਚਾਨਣਾ ਪਾਣ ਦਾ ਯਤਨ ਕੀਤਾ ਹੈ।

ਮੇਰੇ ਤੋਂ ਪਹਿਲਾਂ ਲਿਖੇ ਸ਼ੋਧ - ਪ੍ਰਬੰਧਾਂ ਤੇ ਵਿਦਵਾਨਾਂ ਦੀਆਂ ਹੋਰ ਪੁਸਤਕਾਂ ਵਿਚ ਤਰੀਕਾ ਇਹ ਪ੍ਰਚਲਤ ਸੀ ਕਿ ਪਹਿਲਾਂ ਜੀਵਨ ਲਿਖਿਆ ਜਾਏ ਤੇ ਫਿਰ ਵਿਅਕਤਿਤਵ ਬਾਰੇ ਕੁਛ ਸ਼ਬਦ ਆਖੇ ਜਾਣ ਪਰ ਮੈਂ ਇਹ ਵਿਧੀ ਨਹੀਂ ਅਪਨਾਈ। ਮੈਂ ਸਮਝਦਾ ਹਾਂ ਕਿ ਜਦ ਵੀ ਅਸੀਂ ਕਿਸੇ ਨੂੰ ਮਿਲਦੇ ਹਾਂ ਜਾਂ ਮਿਲਾਂਦੇ ਹਾਂ ਤਾਂ ਪਹਿਲਾਂ ਉਹਦਾ ਵਿਅਕਤਿਤਵ ਦਸ ਕੇ ਫਿਰ ਉਸ ਦੇ ਜੀਵਨ ਦੀ ਚਰਚਾ ਸ਼ੁਰੂ ਕਰਦੇ ਹਾਂ ਇਸ ਲਈ ਜ਼ਿੰਦਗੀ ਵਿਚ ਪ੍ਰਚਲਤ ਵਿਧੀ ਨੂੰ ਮੈਂ ਆਪਣੇ ਸ਼ੋਧ - ਪ੍ਰਬੰਧ ਵਿਚ ਅਪਨਾਇਆ ਹੈ।

ਇਕ ਹੋਰ ਵਰਨਣਯੋਗ ਗਲ ਮੈਂ ਬਹੁਤ ਸਾਰੇ ਵਿਦਵਾਨਾਂ ਨਾਲੋਂ ਵਖਰੀ ਧਾਰਨਾ ਦੀ ਇਹ ਕਰ ਰਿਹਾ ਹਾਂ ਕਿ ਸਾਡੇ ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਦਾ 1708 ਈਸਵੀ (ਜਦ ਗੁਰਗੱਦੀ ਮਿਲੀ) ਤੋਂ ਪਹਿਲਾਂ ਜ਼ਿਕਰ ਕਰਦਿਆਂ ਇਹਨੂੰ ਆਦਿ ਗ੍ਰੰਥ ਹੀ ਲਿਖਦੇ ਹਨ, ਗੁਰੂ ਗ੍ਰੰਥ ਸਾਹਿਬ ਨਹੀਂ, ਜਿਵੇਂ ਕਿ ਡਾ: ਬਲਬੀਰ ਸਿੰਘ ਦਿਲ ਨੇ ਆਪਣੇ ਸ਼ੋਧ - ਪ੍ਰਬੰਧ 'ਅਮਰ ਕਵੀ ਗੁਰੂ ਅਮਰਦਾਸ' ਵਿਚ ਸਭ ਥਾਈਂ ਫੁਟ ਨੋਟਾਂ ਵਿਚ ਆਦਿ ਗ੍ਰੰਥ ਹੀ ਲਿਖਿਆ ਹੈ। ਮੇਰਾ ਵਿਸ਼ਵਾਸ਼ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਹੀ ਗੁਰੂ ਅਰਜਨ ਦੇਵ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਸਿਧਾਂਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਰਹੇ ਸਨ ਤੇ ਇਸ ਨੂੰ ਗੁਰੂ ਮੰਨ ਕੇ ਹੀ ਇਸ ਦੇ ਪ੍ਰਕਾਸ਼ ਪਿਛੋਂ ਨੀਵੀਂ ਥਾਂ ਤੇ ਆਪਣਾ ਆਸਣ ਲਾਂਦੇ ਰਹੇ ਹਨ। ਉਂਞ ਵੀ ਹੁਣ ਕੌਮਾਂਤਰੀ ਪੱਧਰ ਤੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਨਾ ਦੇ ਦਿਨ ਤੋਂ ਹੀ ਗੁਰੂ ਸਵੀਕਾਰਿਆ ਜਾ ਰਿਹਾ ਹੈ, ਇਸ ਲਈ ਮੈਂ ਸਾਰੇ ਸ਼ੋਧ - ਪ੍ਰਬੰਧ ਵਿਚ ਹੀ ਗੁਰੂ ਗ੍ਰੰਥ ਸਾਹਿਬ ਸ਼ਬਦ ਵਰਤਿਆ ਹੈ।

ਕਈ ਵਿਦਵਾਨਾਂ ਨੇ ਇਹਨਾਂ ਵਾਰਾਂ ਬਾਰੇ ਲਿਖਦਿਆਂ ਦੂਜੇ ਗੁਰੂ ਸਾਹਿਬਾਨ ਦੇ ਸਲੋਕ

ਤੇ ਪਉੜੀਆਂ ਵਾਰ ਦੇ ਸਰੂਪ ਵਿਚੋਂ ਕਢ ਕੇ ਇਹਨਾਂ ਨੂੰ ਵਾਰ ਲੇਖਕ ਗੁਰੂ ਦੀ ਰਚਨਾ ਨਾਲੋਂ ਨਖੇੜ ਦਿਤਾ ਹੈ। ਜਿਸ ਤਰ੍ਹਾਂ ਡਾ: ਦਰਸ਼ਨ ਸਿੰਘ ਨੇ 'ਪ੍ਰਤਿਨਿਧ ਅਧਿਆਤਮਕ ਵਾਰਾਂ' ਵਿਚ 'ਵਾਰ ਆਸਾ' ਵਿਚ ਗੁਰੂ ਅੰਗਦ ਦੇਵ ਦਾ ਕੋਈ ਸਲੋਕ ਨਹੀਂ ਦਿਤਾ। ਇਸੇ ਤਰ੍ਹਾਂ ਦੂਜੀਆਂ ਵਾਰਾਂ ਵਿਚ ਕੀਤਾ ਹੈ। ਅਸੀਂ ਇਹ ਵਿਧੀ ਨਹੀਂ ਅਪਨਾਈ। ਵਾਰ ਦਾ ਜੋ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਦੇ ਸਿਰਲੇਖ ਹੇਠ ਹੈ, ਅਸੀਂ ਉਸ ਸਾਰੀ ਬਾਣੀ ਨੂੰ ਹੀ ਉਹਦੇ ਸਰੂਪ ਦਾ ਹਿਸਾ ਸਮਝ ਕੇ ਉਸ ਤੇ ਇਕੱਠੇ ਵਿਚਾਰ ਕੀਤਾ ਹੈ। ਦੂਜੇ ਗੁਰੂ ਸਾਹਿਬ ਦੀ ਬਾਣੀ ਨੂੰ ਵਾਰ ਨਾਲੋਂ ਨਖੇੜਿਆ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ 21 ਅਧਿਆਤਮਕ ਵਾਰਾਂ ਵਿਚੋਂ 16 ਵਾਰਾਂ ਨਾਲ 'ਕੀ' ਸ਼ਬਦ ਸਿਰਲੇਖ ਨਾਲ ਹੀ ਲਿਖਿਆ ਹੈ ਤੇ 5 ਵਾਰਾਂ ਨਾਲ ਕੋਈ ਵੀ ਕੀ ਜਾਂ 'ਦੀ' ਆਦਿ ਸਬੰਧਕ ਅੱਖਰ ਨਹੀਂ ਵਰਤਿਆ। ਇਕ ਵੀ ਵਾਰ ਨਾਲ 'ਦੀ' ਸ਼ਬਦ ਨਹੀਂ ਵਰਤਿਆ ਗਿਆ, ਪਰ ਸਾਡੇ ਬਹੁਤ ਸਾਰੇ ਵਿਦਵਾਨਾਂ ਨੇ ਇਨ੍ਹਾਂ ਵਾਰਾਂ ਨਾਲ 'ਦੀ' ਸ਼ਬਦ ਲਾਇਆ ਹੈ ਜਿਸਤਰ੍ਹਾਂ ਬਹੁਤ ਸਾਰੇ 'ਆਸਾ ਦੀ ਵਾਰ' ਲਿਖਦੇ ਹਨ ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਦੀ' ਨਹੀਂ ਹੈ।

ਚਾਰ ਵਾਰਾਂ ਤੇ ਵਿਸਥਾਰ ਨਾਲ ਵਿਸ਼ਲੇਸ਼ਣ ਕਰਨ ਪਿਛੋਂ ਅਸੀਂ ਸਾਰੀ ਖੋਜ ਦਾ ਤਤਸਾਰ ਦਿਤਾ ਹੈ ਤਾਕਿ ਸਾਰੀ ਖੋਜ ਦੇ ਸਿਟਿਆਂ ਤੇ ਇਕ ਥਾਂ ਹੀ ਸੰਖੇਪ ਪ੍ਰਭਾਵ ਇਕੱਤਰ ਹੋ ਜਾਏ।

ਗੁਰਬਾਣੀ ਸਮੁੱਚੇ ਤੌਰ ਤੇ 'ਧੁਰ ਕੀ ਬਾਣੀ' ਹੈ ਜੋ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਵਲੋਂ ਆਏ ਆਦੇਸ਼ ਅਨੁਸਾਰ ਹੀ ਲਿਖੀ ਹੈ। ਇਹ ਕਾਵਿ-ਕਲਾ ਦੇ ਚਮਤਕਾਰ ਦਿਖਾਣ ਵਾਲਾ ਸਾਹਿਤ ਨਹੀਂ। ਇਸ ਲਈ ਇਹਨੂੰ ਕੇਵਲ ਕਾਵਿ-ਕਲਾ ਲਈ ਨਿਰਧਾਰਤ ਕਸਵੱਟੀ ਤੇ ਹੀ ਪਰਖਣਾ ਇਸ ਨਾਲ ਨਿਆਂ ਨਹੀਂ ਹੋ ਸਕਦਾ। ਇਸ ਦੀ ਅਸਲ ਤਾਕਤ, ਵਡਿਆਈ ਤੇ ਵਿਸ਼ੇਸ਼ਤਾ ਇਸ ਦੇ ਵਿਸ਼ੇ ਵਸਤੂ ਅਥਵਾ ਵਿਚਾਰਧਾਰਾ ਤੇ ਮਨੁਖ ਲਈ ਕਲਿਆਨਕਾਰੀ, ਉਸਾਰੂ ਤੇ ਨਰੋਈ ਜੀਵਨ ਜਾਚ ਦਾ ਭੰਡਾਰ ਹੋਣ ਕਾਰਨ ਹੈ। 'ਧੁਰ ਕੀ ਬਾਣੀ' ਦੀ ਕੋਈ ਮਨੁਖ ਕਿਸਤਰ੍ਹਾਂ ਥਾਹ ਪਾ ਸਕਦਾ ਹੈ? ਇਸ ਲਈ ਮੈਂ ਸਮਝਦਾ ਹਾਂ ਕਿ ਜਿਤਨਾ ਵੀ ਇਹਦੀ ਗਹਿਰਾਈ ਵਿਚ ਜਾਈਏ, ਥੋੜ੍ਹਾ ਹੈ ਅਤੇ ਹੋਰ ਜਿਤਨਾ ਜਾਣ ਦਾ ਜਤਨ ਹੁੰਦਾ ਰਹੇਗਾ, ਫਿਰ ਵੀ ਅਜੇ ਬੁਧੀ ਨੂੰ ਹੋਰ ਸਫਰ ਕਰਨ ਦੀ ਗੁੰਜਾਇਸ਼ ਰਹੇਗੀ।

ਆਪਣੇ ਖੋਜ ਕਾਰਜ ਦੇ ਦੌਰਾਨ ਮੈਨੂੰ ਬਹੁਤ ਸਾਰੇ ਸਯੋਗ ਵਿਦਵਾਨਾਂ ਅਤੇ ਸੁਹਿਰਦ ਮਿੱਤਰਾਂ ਦਾ ਸਹਿਯੋਗ ਪ੍ਰਾਪਤ ਹੁੰਦਾ ਰਿਹਾ ਹੈ ਇਸ ਲਈ ਮੈਂ ਸਦਾ ਉਹਨਾਂ ਦਾ ਕ੍ਰਿਤੱਗ ਰਹਾਂਗਾ। ਵਿਸ਼ੇਸ਼ ਕਰਕੇ ਡਾ: ਹਰਿਭਜਨ ਸਿੰਘ, ਡਾ: ਮਹਿੰਦਰ ਕੌਰ ਗਿਲ, ਡਾ: ਗੁਰਚਰਨ ਸਿੰਘ, ਡਾ: ਰਤਨ ਸਿੰਘ ਜੱਗੀ, ਡਾ: ਦਰਸ਼ਨ ਸਿੰਘ, ਡਾ: ਰਘਬੀਰ ਸਿੰਘ, ਡਾ: ਪ੍ਰਮਿੰਦਰ ਸਿੰਘ ਤੇ ਡਾ: ਆਤਮਜੀਤ ਸਿੰਘ ਦਾ ਅਭਾਰੀ ਹਾਂ ਜਿਨਾਂ ਕੋਲੋਂ ਮੈਨੂੰ ਨਿਰੰਤਰ ਪ੍ਰੇਰਣਾ, ਉਤਸ਼ਾਹ ਅਤੇ ਵੱਡਮੁਲੇ ਸੁਝਾਉ ਪ੍ਰਾਪਤ ਹੁੰਦੇ ਰਹੇ ਹਨ।

ਅਖੀਰ ਵਿਚ ਮੈਂ ਆਪਣੇ ਸਤਿਕਾਰਯੋਗ ਨਿਰਦੇਸ਼ਕ ਡਾਕਟਰ ਅਤਰ ਸਿੰਘ ਜੀ ਦਾ ਹਾਰਦਿਕ ਧਨਵਾਦ ਕਰਦਾ ਹਾਂ ਜਿਨਾਂ ਦੀ ਸੂਝ ਭਰੀ ਤੇ ਵਿਦਵਤਾ ਪੂਰਣ ਅਗਵਾਈ ਸਦਕਾ ਮੈਂ ਇਸ ਸ਼ੋਧ-ਪ੍ਰਬੰਧ ਨੂੰ ਸੰਪੂਰਨ ਕਰਨ ਵਿਚ ਸਫਲ ਹੋ ਸਕਿਆ ਹਾਂ।

ਭਜਨ ਸਿੰਘ